# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ

ਮੀਮੋ ਨੰ. ਐਸ.ਐਸ.ਏ./2009/ਕੋਆਰਡੀਨੇਸ਼ਨ/76022
ਮਿਤੀ ਚੰਡੀਗੜ੍ਹ 13.11.2009

**ਵਿਸ਼ਾ: ਜ਼ਿਲ੍ਹੇ ਵਿਚਲੇ ਸਕੂਲ ਮੁੱਖੀਆਂ ਦੀ ਮਹੀਨੇਵਾਰ ਮੀਟਿੰਗ ਕਰਨ ਸਬੰਧੀ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. ਐਸ.ਐਸ.ਏ./2009/ਕੋਆਰਡੀਨੇਸ਼ਨ/30698-717, ਮਿਤੀ 02.03.09, ਪੱਤਰ ਨੰ. ਐਸ.ਐਸ.ਏ./2009/ਕੋਆਰਡੀਨੇਸ਼ਨ/45446-85, ਮਿਤੀ 10.06.09 ਅਤੇ ਪੱਤਰ ਨੰ. ਐਸ.ਐਸ.ਏ./2009/ਕੋਆਰਡੀਨੇਸ਼ਨ/50816-35, ਮਿਤੀ 06.07.09 ਦੇ ਸਬੰਧ ਵਿਚ।**

1.0 ਉਪਰੋਕਤ ਵਿਸੇ ਨਾਲ ਸਬੰਧਤ ਹਵਾਲਾ ਅਧੀਨ ਪੱਤਰਾ ਰਾਂਹੀ ਆਪਨੂੰ ਲਿਖਿਆ ਗਿਆ ਸੀ ਕਿ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਨਿਰੀਖਣ, ਮਿਡ-ਡੇ-ਮੀਲ, ਸਿਵਲ ਵਰਕ, ਪੜ੍ਹੋ ਪੰਜਾਬ, ਆਈ.ਸੀ.ਟੀ. ਆਦਿ ਕੰਮ ਹੋ ਰਹੇ ਹਨ, ਇਨ੍ਹਾਂ ਕੰਮਾ ਦੀ ਸਮੀਖਿਆ ਲਈ ਸਕੂਲ ਮੁੱਖੀਆਂ ਨਾਲ ਮਹੀਨਾਵਾਰ ਮੀਟਿੰਗ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਸਕੂਲਾਂ ਵਿੱਚ ਹੋ ਰਹੇ ਕੰਮਾਂ ਅਤੇ ਪੜ੍ਹਾਈ ਦੇ ਮਿਆਰ ਦੀ ਪ੍ਰਗਤੀ ਰਿਪੋਰਟ ਪ੍ਰਾਪਤ ਕੀਤੀ ਜਾ ਸਕੇ।

2.0 ਇਸ ਸਬੰਧ ਵਿਚ ਆਪ ਵੱਲੋ ਆਪਣੇ ਜ਼ਿਲ੍ਹੇ ਦੇ ਸਕੂਲ ਮੁੱਖੀਆਂ ਨਾਲ ਮਹੀਨਾਵਾਰ ਮੀਟਿੰਗ ਕਰਕੇ ਇਸ ਦੀ ਰਿਪੋਰਟ (ਏਜੰਡੇ ਸਹਿਤ) ਇਸ ਦਫਤਰ ਨੂੰ ਪੁੱਜਦੀ ਨਹੀ ਕੀਤੀ ਜਾਂਦੀ ।

3.0 ਆਪਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਆਪਜੀ ਵੱਲੋਂ ਸਕੂਲ ਮੁੱਖੀਆਂ ਨਾਲ ਕੀਤੀ ਗਈ ਮਹੀਨਾਵਾਰ ਮੀਟਿੰਗ ਦੀ ਰਪੋਰਟ, ਸਮੇਤ ਏਜੰਡਾ ਇਸ ਦਫ਼ਤਰ ਵਿਖੇ ਹਰ ਮਹੀਨੇ ਭੇਜਣੀ ਯਕੀਨੀ ਬਣਾਈ ਜਾਵੇ ਜੀ। ਇਸਨੂੰ ਪਰਮ ਅਗੇਤ ਦਿੱਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ